media release

14 ਜਨਵਰੀ, 2019

# ਸਿਟੀ ਆਫ ਬ੍ਰੈਂਪਟਨ ਆਪਣੀ ਸਭ ਤੋਂ ਪਹਿਲੀ ਉਮਰ-ਅਨੁਕੂਲਿਤ ਫੋਰਮ ਆਯੋਜਿਤ ਕਰ ਰਹੀ ਹੈ

***ਹਰ ਉਮਰ ਦੇ ਨਿਵਾਸੀਆਂ ਨੂੰ ਇਸ ਬਾਰੇ ਚਰਚਾ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ ਕਿ ਬ੍ਰੈਂਪਟਨ ਨੂੰ ਰਹਿਣ ਦੀ ਬਿਹਤਰ ਥਾਂ ਕਿਵੇਂ ਬਣਾਇਆ ਜਾਵੇ।***

ਬ੍ਰੈਂਪਟਨ, ਓਨਟੈਰੀਓ – ਉਮਰ-ਅਨੁਕੂਲਿਤ ਕਾਰਜਨੀਤੀ ਵਿਕਸਿਤ ਕਰਨ ਤੇ ਸਿਟੀ ਆਫ ਬ੍ਰੈਂਪਟਨ (City of Brampton) ਦੇ ਚੱਲ ਰਹੇ ਕੰਮ ਦੇ ਭਾਗ ਦੇ ਤੌਰ ਤੇ, ਨਿਵਾਸੀਆਂ ਨੂੰ ਇਸ ਬਾਰੇ ਹੋਣ ਵਾਲੀ ਗੱਲਬਾਤ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਜਾਂਦਾ ਹੈ ਕਿ ਬ੍ਰੈਂਪਟਨ ਨੂੰ ਜ਼ਿੰਦਗੀ ਦੇ ਹਰ ਪੜਾਅ ਤੇ ਰਹਿਣ ਵਾਸਤੇ, ਇੱਕ ਬਿਹਤਰ ਥਾਂ ਕਿਵੇਂ ਬਣਾਇਆ ਜਾਵੇ।

ਸ਼ੈਰੀਡਨ ਕਾਲੇਜ (Sheridan College) ਦੇ ਸਹਿਯੋਗ ਨਾਲ ਸਿਟੀ ਸ਼ਨੀਵਾਰ, 19 ਜਨਵਰੀ ਨੂੰ ਸਵੇਰੇ 9:30 ਵਜੇ ਤੋਂ ਦੁਪਹਿਰ ਬਾਅਦ 2 ਵਜੇ ਤੱਕ ਆਪਣੀ ਪਹਿਲੀ ਉਮਰ-ਅਨੁਕੂਲਿਤ ਫੋਰਮ (Age-Friendly Forum) ਆਯੋਜਿਤ ਕਰ ਰਹੀ ਹੈ। ਕਾਰਜਕਰਮ ਫਲਾਵਰ ਸਿਟੀ ਸੀਨੀਅਰਸ ਸੈਂਟਰ (8870 ਮੈਕਲੌਗਲਿਨ ਰੋਡ ਸਾਊਥ) (Flower City Seniors Centre) (8870 McLaughlin Road South) ਵਿਖੇ ਹੋਵੇਗੀ।

ਇਹ ਮੁਫ਼ਤ ਕਾਰਜਕਰਮ ਹਰ ਉਮਰ ਦੇ ਨਿਵਾਸੀਆਂ ਲਈ ਖੁੱਲ੍ਹੀ ਹੈ। ਝਲਕੀਆਂ ਵਿੱਚ ਸ਼ਾਮਲ ਹਨ:

- ਅੰਤਰਰਾਸ਼ਟਰੀ ਤੌਰ ਤੇ ਮਾਨਤਾ ਪ੍ਰਾਪਤ ਗੈਰ-ਲਾਭ ਸੰਗਠਨ 8 80 ਸਿਟੀਜ (8 80 Cities) ਦੇ ਸੰਸਥਾਪਕ, ਗਿਲ ਪੈਨਾਲੋਸਾ (Gil Penalosa) ਵੱਲੋਂ ਮੁੱਖ ਬੁਲਾਰਾ ਸਪੀਚ। ਸੰਗਠਨ ਇੱਕ ਸਧਾਰਨ ਪਰੰਤੂ ਪ੍ਰਭਾਵਸ਼ਾਲੀ ਫਿਲਾਸਫੀ ਦੇ ਆਧਾਰ ਤੇ ਬਣਾਇਆ ਗਿਆ ਸੀ: "ਜੇਕਰ ਤੁਸੀਂ ਅੱਠ ਸਾਲ ਦੇ ਬੱਚਿਆਂ ਅਤੇ 80 ਸਾਲ ਦੇ ਬਜ਼ੁਰਗਾਂ ਲਈ ਇੱਕ ਵਧੀਆ ਸ਼ਹਿਰ ਬਣਾਉਂਦੇ ਹੋ, ਤਾਂ ਤੁਸੀਂ ਸਾਰੇ ਲੋਕਾਂ ਲਈ ਇੱਕ ਸਫਲ ਸ਼ਹਿਰ ਬਣਾਓਗੇ।"
- ਪੇਸ਼ਕਾਰੀਆਂ, ਗਤੀਵਿਧੀਆਂ ਅਤੇ ਜਾਣਕਾਰੀ ਬੂਥ
- ਸ਼ਾਮਲ ਹੋਣ ਵਾਲਿਆਂ ਨੂੰ ਲਾਟਰੀ ਦੁਆਰਾ ਇਨਾਮ ਅਤੇ ਮੁਫ਼ਤ ਵਸਤਾਂ
- ਸਵੇਰ ਦੀ ਕੌਫੀ ਅਤੇ ਹਲਕਾ ਲੰਚ

ਸਿਟੀ ਦੀ ਉਮਰ-ਅਨੁਕੂਲਿਤ ਕਾਰਜਨੀਤੀ ਇਹ ਯਕੀਨੀ ਬਣਾਉਣ ਵਿੱਚ ਮਦਦ ਕਰੇਗੀ ਕਿ ਨਿਵਾਸੀਆਂ ਨੂੰ ਉਹ ਸੇਵਾਵਾਂ ਅਤੇ ਸਹਿਯੋਗ ਮਿਲਦਾ ਹੈ, ਜਿਸਦੀ ਉਹਨਾਂ ਨੂੰ ਸਿਹਤਮੰਦ ਰਹਿਣ ਅਤੇ ਉਮਰ ਦੇ ਹਰ ਪੜਾਅ ਤੇ ਵਧੀਆ ਕਿਸਮ ਦੀ ਜ਼ਿੰਦਗੀ ਦਾ ਅਨੰਦ ਮਾਨਣ ਲਈ ਲੋੜ ਹੈ। ਇਹ ਉਮਰ-ਅਨੁਕੂਲਿਤ ਭਾਈਚਾਰਿਆਂ ਨੂੰ ਨਿਰਧਾਰਤ ਕਰਨ ਲਈ ਵਿਸ਼ਵ ਸਿਹਤ ਸੰਗਠਨ (World Health Organization) ਵੱਲੋਂ ਵਰਤੇ ਗਏ ਮੁੱਖ ਖੇਤਰਾਂ ਤੇ ਧਿਆਨ ਕੇਂਦਰਿਤ ਕਰਦੀ ਹੈ, ਜਿਹਨਾਂ ਵਿੱਚ ਸ਼ਾਮਲ ਹਨ, ਪਬਲਿਕ ਟ੍ਰਾਂਸਪੋਰਟੇਸ਼ਨ, ਘਰ, ਜਨਤਕ ਬਿਲਡਿੰਗਾਂ ਅਤੇ ਬਾਹਰਲੀਆਂ (ਆਊਟਡੋਰ) ਥਾਵਾਂ, ਰੋਜ਼ਗਾਰ, ਸਮਾਜਿਕ ਸ਼ਮੂਲੀਅਤ ਅਤੇ ਭਾਈਚਾਰਕ ਸੇਵਾਵਾਂ।

ਫੋਰਮ ਵਿੱਚ ਥਾਂ ਸੀਮਿਤ ਹੈ ਅਤੇ ਰਜਿਸਟਰੇਸ਼ਨ ਲੋੜੀਂਦੀ ਹੈ। ਰਜਿਸਟਰ ਕਰਨ ਲਈ, www.brampton.ca/agefriendly ਤੇ ਜਾਓ ਜਾਂ 905.874.2054 ਤੇ ਫੋਨ ਕਰੋ।

**BRAMPTON Flower City** brampton.ca

**media release**

**ਹਵਾਲੇ**

"ਬ੍ਰੈਂਪਟਨ, ਕੈਨੇਡਾ ਦੇ ਸਭ ਤੋਂ ਘੱਟ ਉਮਰ ਵਾਲੀ ਅਬਾਦੀ ਵਾਲੇ ਸ਼ਹਿਰਾਂ ਵਿੱਚੋਂ ਇੱਕ ਹੈ, ਪਰੰਤੂ ਸਾਡੀ ਅਬਾਦੀ ਵਿੱਚ 50 ਸਾਲ ਦੀ ਉਮਰ ਵਾਲੇ ਲੋਕਾਂ ਦੀ ਸੰਖਿਆ ਵੀ ਤੇਜ਼ੀ ਨਾਲ ਵਧ ਰਹੀ ਹੈ। ਕਿਉਂਕਿ ਅਸੀਂ ਇਸ ਬਾਰੇ ਗੱਲ ਕਰ ਰਹੇ ਹਾਂ ਕਿ ਬ੍ਰੈਂਪਟਨ ਨੂੰ ਰਹਿਣ ਲਈ ਇੱਕ ਬਿਹਤਰ ਥਾਂ ਕਿਵੇਂ ਬਣਾਇਆ ਜਾਵੇ, ਇਸ ਲਈ ਹਰ ਉਮਰ ਦੇ ਲੋਕਾਂ ਲਈ ਗੱਲਬਾਤ ਵਿੱਚ ਭਾਗ ਲੈਣਾ ਮਹੱਤਵਪੂਰਨ ਹੈ।"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।


**ਮੀਡੀਆ ਸੰਪਰਕ**

ਮੋਨਿਕਾ ਦੁੱਗਲ (Monika Duggal)

ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ

ਸਟ੍ਰੈਟਜਿਕ ਕਮਿਉਨਿਕੇਸ਼ਨ

ਸਿਟੀ ਆਫ ਬ੍ਰੈਂਪਟਨ

905-874-3426 | Monika.Duggal@brampton.ca